# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20 pm**

**ਮਿਤੀ: 12-05-2025**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਰਾਤ 8 ਵਜੇ ਰਾਸ਼ਟਰ ਨੂੰ ਸੰਬੋਧਨ ਕਰਨਗੇ।
- ਡਾਇਰੈਕਟਰ ਜਨਰਲ ਏਅਰ ਆਪਰੇਸ਼ਨਜ਼, ਏਅਰ ਮਾਰਸ਼ਲ ਏ. ਕੇ. ਭਾਰਤੀ ਨੇ ਕਿਹਾ -ਭਾਰਤ ਦੀ ਲੜਾਈ ਦਹਿਸ਼ਤਗਰਦਾਂ ਅਤੇ ਉਨ੍ਹਾਂ ਦੇ ਸਮਰਥਨ ਵਾਲੇ ਬੁਨਿਆਦੀ ਢਾਂਚੇ ਨਾਲ ਏ, ਨਾ ਕਿ ਪਾਕਿਸਤਾਨੀ ਫੌਜ ਨਾਲ।
- ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਤੋਂ ਬਾਅਦ, ਅਸਥਾਈ ਤੌਰ 'ਤੇ ਬੰਦ ਕੀਤੇ ਗਏ 32 ਹਵਾਈ ਅੱਡੇ ਹੁਣ ਤੁਰੰਤ ਪ੍ਰਭਾਵ ਨਾਲ ਖੋਲ੍ਹੇ ਗਏ।
- ਕੈਬਨਿਟ ਮੰਤਰੀ ਮੋਹਿੰਦਰ ਭਗਤ ਵੱਲੋਂ ਜਲੰਧਰ ਵਿਚ ਇਕ ਕਰੋੜ 29 ਲੱਖ ਰੁਪਏ ਦੀ ਲਾਗਤ ਵਾਲੇ ਫਾਇਰ ਸਟੇਸ਼ਨ ਦਾ ਉਦਘਾਟਨ।

- ਪੰਜਾਬ ਪੁਲਿਸ ਨੇ ਕੌਮਾਂਤਰੀ ਨਸ਼ਾ ਅਤੇ ਹਵਾਲਾ ਕਾਰਟੈਲ ਦਾ ਪਰਦਾਫਾਸ਼ ਕਰਦਿਆਂ, ਤਿੰਨ ਤਸਕਰਾਂ ਨੂੰ 84 ਲੱਖ ਰੁਪਏ ਤੋਂ ਵੱਧ ਦੀ ਡਰੱਗ ਮਨੀ ਸਮੇਤ ਗ੍ਰਿਫਤਾਰ ਕੀਤਾ ਏ।
- ਉੱਘੇ ਕ੍ਰਿਕਟ ਖਿਡਾਰੀ ਵਿਰਾਟ ਕੋਹਲੀ ਵਲੋਂ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ।

------------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਰਾਤ 8 ਵਜੇ ਰਾਸ਼ਟਰ ਨੂੰ ਸੰਬੋਧਨ ਕਰਨਗੇ।ਸ਼੍ਰੀ ਮੋਦੀ ਦਾ ਇਹ ਸੰਬੋਧਨ ਪਹਿਲਗਾਮ ਦਹਿਸ਼ਤਗਰਦੀ ਹਮਲੇ ਤੋਂ ਬਾਅਦ, ਭਾਰਤ ਦੇ ਆਪ੍ਰੇਸ਼ਨ ਸਿੰਦੂਰ ਮਗਰੋਂ ਹੋ ਰਿਹਾ ਏ। ਪਹਿਲਗਾਮ ਦਹਿਸ਼ਤਗਰਦੀ ਹਮਲੇ ਵਿੱਚ 25 ਭਾਰਤੀ ਅਤੇ ਇੱਕ ਨੇਪਾਲੀ ਨਾਗਰਿਕ ਮਾਰੇ ਗਏ ਸਨ।ਜਵਾਬੀ ਕਾਰਵਾਈ ਵਿੱਚ, ਭਾਰਤ ਨੇ ਪਾਕਿਸਤਾਨ ਵਿੱਚ ਕਈ ਦਹਿਸ਼ਤਗਰਦੀ ਅਤੇ ਫੌਜੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਅਤੇ 100 ਤੋਂ ਵੱਧ ਦਹਿਸ਼ਤਗਰਦਾ ਨੂੰ ਮਾਰ ਦਿੱਤਾ।ਇਸ ਤੋਂ ਪਹਿਲਾਂ ਦੁਪਹਿਰ ਵੇਲੇ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਵੀਂ ਦਿੱਲੀ ਵਿੱਚ ਇੱਕ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ, ਵਿਦੇਸ਼ ਮੰਤਰੀ ਐਸ. ਜੈਸ਼ੰਕਰ, ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ, ਰੱਖਿਆ ਸਟਾਫ ਦੇ ਮੁਖੀ ਜਨਰਲ ਅਨਿਲ ਚੌਹਾਨ, ਤਿੰਨਾਂ ਹਥਿਆਰਬੰਦ ਸੈਨਾਵਾਂ

ਦੇ ਮੁਖੀ ਅਤੇ ਕਈ ਸੀਨੀਅਰ ਅਧਿਕਾਰੀ ਮੀਟਿੰਗ ਵਿੱਚ ਸ਼ਾਮਲ ਹੋਏ।

------------------------------------------------------------

ਡਾਇਰੈਕਟਰ ਜਨਰਲ ਏਅਰ ਆਪਰੇਸ਼ਨਜ਼, ਏਅਰ ਮਾਰਸ਼ਲ ਏ. ਕੇ. ਭਾਰਤੀ ਨੇ ਅੱਜ ਜ਼ੋਰ ਦੇ ਕੇ ਕਿਹਾ ਕਿ ਭਾਰਤ ਦੀ ਲੜਾਈ ਦਹਿਸ਼ਤਗਰਦਾਂ ਅਤੇ ਉਨ੍ਹਾਂ ਦੇ ਸਮਰਥਨ ਵਾਲੇ ਬੁਨਿਆਦੀ ਢਾਂਚੇ ਨਾਲ ਏ, ਨਾ ਕਿ ਪਾਕਿਸਤਾਨੀ ਫੌਜ ਨਾਲ। **BYTE-**

ਦਿੱਲੀ ਵਿੱਚ ਆਪ੍ਰੇਸ਼ਨ ਸਿੰਦੂਰ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ, ਏਅਰ ਮਾਰਸ਼ਲ ਭਾਰਤੀ ਨੇ ਇਸ ਬਾਰੇ ਵੇਰਵੇ ਦਿੱਤੇ ਕਿ ਕਿਵੇਂ ਭਾਰਤੀ ਫੌਜਾਂ ਨੇ, ਆਪ੍ਰੇਸ਼ਨ ਸਿੰਦੂਰ ਦੌਰਾਨ, ਦੇਸ਼ ਦੇ ਨਾਗਰਿਕ ਅਤੇ ਫੌਜੀ ਬੁਨਿਆਦੀ ਢਾਂਚੇ ਨੂੰ ਘੱਟ ਤੋਂ ਘੱਟ ਨੁਕਸਾਨ ਪਹੁੰਚਾਇਆ। ਉਨ੍ਹਾਂ ਕਿਹਾ ਕਿ ਭਾਰਤੀ ਹਥਿਆਰਬੰਦ ਸੈਨਾਵਾਂ ਦੇ ਏਕੀਕ੍ਰਿਤ ਹਵਾਈ ਰੱਖਿਆ ਪ੍ਰਣਾਲੀਆਂ ਵਿੱਚ ਸੈਨਾ, ਜਲ ਸੈਨਾ ਅਤੇ ਹਵਾਈ ਸੈਨਾ ਦੇ ਰੱਖਿਆ ਪ੍ਰਣਾਲੀਆਂ ਸ਼ਾਮਲ ਨੇ। ਭਾਰਤ ਦੀਆਂ ਹਮਲਾਵਰ ਕਾਰਵਾਈਆਂ 'ਤੇ, DGAOs ਨੇ ਨੂਰ ਖਾਨ ਏਅਰਬੇਸ ਅਤੇ ਰਹੀਮ ਯਾਰ ਖਾਨ ਏਅਰਬੇਸ 'ਤੇ ਹਮਲਿਆਂ 'ਤੇ ਕਿਹਾ ਕਿ ਭਾਰਤ ਨੇ ਦੁਸ਼ਮਣ ਦੇ ਹਰ ਹਿੱਸੇ ਨੂੰ ਨਿਸ਼ਾਨਾ ਬਣਾਇਆ। ਡਾਇਰੈਕਟਰ ਜਨਰਲ ਮਿਲਟਰੀ ਆਪਰੇਸ਼ਨਜ਼, ਲੈਫਟੀਨੈਂਟ ਜਨਰਲ ਰਾਜੀਵ ਘਈ ਨੇ ਕਿਹਾ ਕਿ ਉਹ

ਪਹਿਲਾਂ ਤੋਂ ਚੰਗੀ ਤਰ੍ਹਾਂ ਤਿਆਰ ਸਨ। ਉਨ੍ਹਾਂ ਕਿਹਾ ਕਿ ਜਦੋਂ ਵੀ ਪਾਕਿਸਤਾਨੀ ਹਵਾਈ ਸੈਨਾ ਨੇ 9 ਅਤੇ 10 ਮਈ ਦੀ ਰਾਤ ਨੂੰ ਭਾਰਤੀ ਹਵਾਈ ਖੇਤਰਾਂ ਅਤੇ ਲੌਜਿਸਟਿਕ ਸਥਾਪਨਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ, ਤਾਂ ਉਨ੍ਹਾਂ ਨੂੰ ਮਲਟੀ ਲੇਅਰ ਕਾਊਂਟਰ ਡਰੋਨ ਅਤੇ ਹਵਾਈ ਰੱਖਿਆ ਗਰਿੱਡ ਦੁਆਰਾ ਰੋਕਿਆ ਗਿਆ ।DGMOs ਨੇ ਬੀ.ਐਸ.ਐਫ ਦੇ ਆਪਰੇਸ਼ਨਾਂ ਵਿੱਚ ਸਹਿਯੋਗ ਦੀ ਸ਼ਲਾਘਾ ਕੀਤੀ । ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਹਰ ਉਸ ਖੇਤਰ ਵਿੱਚ ਜਿੱਥੇ ਆਪਰੇਸ਼ਨ ਸਿੰਦੂਰ ਚਲਾਇਆ ਗਿਆ ਏ , ਤਿੰਨਾਂ ਸੇਵਾਵਾਂ ਵਿਚਕਾਰ ਪੂਰਨ ਤਾਲਮੇਲ ਰਿਹਾ ਏ । ਉਨ੍ਹਾਂ ਕਿਹਾ ਕਿ ਸਰਕਾਰ, ਵਿਭਾਗਾਂ ਅਤੇ ਏਜੰਸੀਆਂ ਅਤੇ ਦੇਸ਼ ਦੇ 140 ਕਰੋੜ ਲੋਕਾਂ ਦਾ ਪੂਰਾ ਸਮਰਥਨ ਏ । BYTE:RNU120525B ਲੈਫਟੀਨੈਂਟ ਜਨਰਲ ਰਾਜੀਵ ਘਾਈ ਜਲ ਸੈਨਾ ਸੰਚਾਲਨ ਦੇ ਡਾਇਰੈਕਟਰ ਜਨਰਲ, ਵਾਈਸ ਐਡਮਿਰਲ ਏ.ਐਨ. ਪ੍ਰਮੋਦ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਜਲ ਸੈਨਾ ਇੱਕ ਸੰਯੁਕਤ ਨੈੱਟਵਰਕ ਫੋਰਸ ਵਜੋਂ ਕੰਮ ਕਰਦੀ ਏ ਜੋ ਸਾਰੇ ਡੋਮੇਨਾਂ ਤੋਂ ਪੈਦਾ ਹੋਣ ਵਾਲੇ ਖਤਰਿਆਂ ਨੂੰ ਇੱਕੋ ਸਮੇਂ ਹੱਲ ਕਰਨ ਦੇ ਸਮਰੱਥ ਏ । ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਭਾਰਤੀ ਜਲ ਸੈਨਾ ਸਮੁੰਦਰ ਵਿੱਚ ਆਪਣੀਆਂ ਇਕਾਈਆਂ ਨੂੰ ਖ਼ਤਰਾ ਪੈਦਾ ਕਰਨ ਵਾਲੇ ਕਿਸੇ ਵੀ ਹਵਾਈ ਪਲੇਟਫਾਰਮ ਦਾ ਪਤਾ ਲਗਾਉਣ, ਪਛਾਣਨ ਅਤੇ ਬੇਅਸਰ ਕਰਨ ਦੀ

ਭਰੋਸੇਯੋਗ ਸਮਰੱਥਾ ਬਣਾਈ ਰੱਖਦੀ ਏ ।

----------------------------------------------------

ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਤੋਂ ਬਾਅਦ ਸਿਵਲ ਹਵਾਬਾਜ਼ੀ ਕਾਰਜਾਂ ਲਈ ਅਸਥਾਈ ਤੌਰ 'ਤੇ ਬੰਦ ਕੀਤੇ ਗਏ 32 ਹਵਾਈ ਅੱਡੇ ਹੁਣ ਤੁਰੰਤ ਪ੍ਰਭਾਵ ਨਾਲ ਖੋਲ੍ਹ ਦਿੱਤੇ ਗਏ ਨੇ । ਇਸ ਤੋਂ ਪਹਿਲਾਂ, ਇਨ੍ਹਾਂ 32 ਹਵਾਈ ਅੱਡਿਆਂ ਨੂੰ, ਇਸ ਮਹੀਨੇ ਦੀ 15 ਤਰੀਕ ਤੱਕ ਸਿਵਲ ਜਹਾਜ਼ਾਂ ਦੇ ਸੰਚਾਲਨ ਲਈ ਬੰਦ ਕਰ ਦਿੱਤਾ ਗਿਆ ਸੀ । ਭਾਰਤੀ ਹਵਾਈ ਅੱਡਾ ਅਥਾਰਟੀ ਨੇ ਇੱਕ ਬਿਆਨ ਵਿੱਚ ਮੁਸਾਫ਼ਰਾਂ ਨੂੰ ਸਿੱਧੇ ਏਅਰਲਾਈਨਾਂ ਨਾਲ ਉਡਾਣ ਦੀ ਸਥਿਤੀ ਦੀ ਜਾਂਚ ਕਰਨ ਅਤੇ ਨਿਯਮਤ ਅਪਡੇਟਸ ਲਈ ਏਅਰਲਾਈਨਾਂ ਦੀਆਂ ਵੈੱਬਸਾਈਟਾਂ 'ਤੇ ਨਜ਼ਰ ਰੱਖਣ ਦੀ ਸਲਾਹ ਦਿੱਤੀ ਏ ।

ਇਧਰ ਹਵਾਈ ਅੱਡਾ ਅਥਾਰਟੀ ਵੱਲੋਂ ਅੰਮ੍ਰਿਤਸਰ ਸਥਿਤ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਤੋਂ ਵੀ ਉਡਾਣਾ ਮੁੜ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ ਹੈ।

----------------------------------------------------

ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਦੇ ਐਲਾਨ ਤੋਂ ਬਾਅਦ, ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਮੰਗ ਕੀਤੀ ਏ

ਕਿ ਸਰਹੱਦ ਪਾਰੋਂ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਨੂੰ ਵੀ ਦਹਿਸ਼ਤਗਰਦੀ  ਦਾ ਹਿੱਸਾ ਮੰਨਿਆ ਜਾਣਾ ਚਾਹੀਦਾ ਏ। ਇਸ ਨੂੰ ਰੋਕਣ ਲਈ ਵੀ ਯਤਨ ਕੀਤੇ ਜਾਣੇ ਚਾਹੀਦੇ ਨੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਪੱਤਰ ਵਿਚ ਸੰਸਦ ਮੈਂਬਰ ਔਜਲਾ ਨੇ ਕਿਹਾ ਏ ਕਿ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਸਰਹੱਦੀ ਇਲਾਕਿਆਂ ਵਿੱਚ ਸਰਹੱਦ ਪਾਰ ਤੋਂ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਜਾਰੀ ਏ। ਇਸ ਖੇਤਰ ਵਿੱਚ ਫੈਲੇ ਨਸ਼ਿਆਂ ਦੇ ਖਤਰੇ ਕਾਰਨ ਹੁਣ ਤੱਕ ਦੋ ਲੱਖ ਤੋਂ ਵੱਧ ਲੋਕ ਆਪਣੀਆਂ ਜਾਨਾਂ ਗੁਆ ਚੁੱਕੇ ਨੇ। ਹੈਰਾਨ ਕਰਨ ਵਾਲੀ ਗੱਲ ਏ ਕਿ ਮ੍ਰਿਤਕਾਂ ਵਿੱਚੋਂ 90 ਫੀਸਦੀ  ਤੋਂ ਵੱਧ ਸਿੱਖ ਭਾਈਚਾਰੇ ਦੇ ਹਨ, ਜੋ ਕਿ ਪੰਜਾਬ ਦੇ ਲੋਕਾਂ ਉੱਤੇ ਇਸ ਸੰਕਟ ਦੇ ਬਹੁਤ ਜ਼ਿਆਦਾ ਪ੍ਰਭਾਵ ਨੂੰ ਦਰਸਾਉਂਦਾ ਏ। ਇਹ ਸਾਡੇ ਸੂਬੇ ਦੇ ਨੌਜਵਾਨਾਂ, ਪਰਿਵਾਰਾਂ ਅਤੇ ਭਵਿੱਖ 'ਤੇ ਇੱਕ ਨਿਰੰਤਰ ਅਤੇ ਜਾਣਬੁੱਝ ਕੇ ਕੀਤਾ ਗਿਆ ਹਮਲਾ ਏ। ਸ੍ਰੀ ਔਜਲਾ ਨੇ ਕਿਹਾ ਕਿ ਦੇਸ਼ ਦੀ ਸਰਕਾਰ ਨੇ ਐਲਾਨ ਕੀਤਾ ਏ ਕਿ ਹੁਣ ਤੋਂ ਦਹਿਸ਼ਤਗਰਦੀ ਨੂੰ ਜੰਗ ਦਾ ਸੰਕੇਤ ਮੰਨਿਆ ਜਾਣਾ ਚਾਹੀਦਾ ਏ ਇਸ ਲਈ ਅਜਿਹੇ ਸਮੇਂ ਸਰਹੱਦ 'ਤੇ ਤਸਕਰੀ ਨੂੰ ਵੀ ਦਹਿਸ਼ਤਗਰਦੀ ਦੇ ਘੇਰੇ ਵਿੱਚ ਆਉਣਾ ਚਾਹੀਦਾ ਏ। ਇਹ ਕਿਸੇ ਦਹਿਸ਼ਤਗਰਦੀ  ਦੀ ਕਾਰਵਾਈ ਤੋਂ ਘੱਟ ਨਹੀਂ ਏ , ਅਤੇ ਹਰ ਪੱਖੋਂ, ਇਹ ਜੰਗ ਦੀ ਕਾਰਵਾਈ ਏ।

---

ਅੱਜ ਬੁੱਧ ਪੂਰਨਿਮਾ ਮਨਾਈ ਜਾ ਰਹੀ ਏ । ਇਹ ਨਾ ਸਿਰਫ਼ ਗੌਤਮ ਬੁੱਧ ਦੇ ਜਨਮ ਦੇ ਦਿਨ ਨੂੰ ਦਰਸਾਉਂਦੀ ਏ, ਸਗੋਂ ਇਹ ਓਹ ਦਿਨ ਵੀ ਏ, ਜਦੋਂ ਉਨ੍ਹਾਂ ਨੇ ਬੋਧਗਯਾ ਵਿਖੇ ਮਹਾਬੋਧੀ ਰੁੱਖ ਹੇਠ ਨਿਰਵਾਣ ਪ੍ਰਾਪਤ ਕੀਤਾ ਸੀ ।ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਉਪ ਰਾਸ਼ਟਰਪਤੀ ਜਗਦੀਪ ਧਨਖੜ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਬੁੱਧ ਪੂਰਨਿਮਾ ਦੇ ਸ਼ੁਭ ਮੌਕੇ 'ਤੇ ਸਾਰੇ ਨਾਗਰਿਕਾਂ ਨੂੰ ਵਧਾਈ ਦਿੱਤੀ ਏ । ਉਨ੍ਹਾਂ ਕਿਹਾ ਕਿ ਭਗਵਾਨ ਬੁੱਧ ਦੇ ਸੱਚ, ਸਮਾਨਤਾ ਅਤੇ ਸਦਭਾਵਨਾ ਦੇ ਸਿਧਾਂਤਾਂ 'ਤੇ ਅਧਾਰਤ ਸੰਦੇਸ਼, ਮਨੁੱਖਤਾ ਲਈ ਮਾਰਗ-ਦਰਸ਼ਕ ਰਹੇ ਨੇ ।

---

ਅੱਜ ਅੰਤਰਰਾਸ਼ਟਰੀ ਨਰਸ ਦਿਵਸ ਏ। ਇਹ ਦਿਨ ਆਧੁਨਿਕ ਨਰਸਿੰਗ ਦੀ ਜਨਨੀ ਫਲੋਰੈਂਸ ਨਾਈਟਿੰਗੇਲ ਦੇ ਜਨਮ ਦੀ ਯਾਦ ਵਿੱਚ ਮਨਾਇਆ ਜਾਂਦਾ ਏ।**ਪੇਸ਼ ਏ ਇੱਕ ਰਿਪੋਰਟ**

*ਨਰਸਾਂ ਬਾਰੇ ਅੰਤਰਰਾਸ਼ਟਰੀ ਕੌਂਸਲ (ICN) ਵਲੋਂ ਹਰ ਸਾਲ 12 ਮਈ ਨੂੰ ਅੰਤਰਰਾਸ਼ਟਰੀ ਨਰਸ ਦਿਵਸ ਮਨਾਇਆ ਜਾਂਦਾ ਏ। ਇਸ ਸਾਲ ਦਾ ਵਿਸ਼ਾ - "ਸਾਡੀਆਂ ਨਰਸਾਂ, ਸਾਡਾ ਭਵਿੱਖ - ਨਰਸਾਂ ਦੀ ਦੇਖਭਾਲ ਅਰਥ-ਵਿਵਸਥਾ ਦਾ ਸਸ਼ਕਤੀਕਰਨ'' ਰੱਖਿਆ ਗਿਆ ਏ। ਇਹ ਵਿਸ਼ਾਂ ਇਸ ਗੱਲ 'ਤੇ ਚਾਨਣਾ ਪਾਉਂਦਾ  ਏ ਕਿ ਨਰਸਾਂ ਵਲੋਂ ਨਿਭਾਈ ਜਾ ਰਹੀ ਸੇਵਾ ਨਾ ਸਿਰਫ ਸਿਹਤ ਖੇਤਰ ਲਈ ਮਹੱਤਵਪੂਰਣ ਏ, ਸਗੋਂ ਇਹ ਅਰਥਵਿਵਸਥਾ ਨੂੰ ਵੀ ਮਜ਼ਬੂਤ ਬਣਾਉਂਦੀ ਏ। ਇਸ ਮੌਕੇ ਕੇਂਦਰੀ ਸਿਹਤ ਮੰਤਰੀ ਜਗਤ ਪ੍ਰਕਾਸ਼ ਨੱਡਾ ਨੇ ਕਿਹਾ ਏ ਕਿ ਨਰਸਾਂ ਦੀ ਭਲਾਈ ਸਿੱਧੇ ਤੌਰ 'ਤੇ ਦੇਸ਼ ਦੀ ਸਿਹਤ ਪ੍ਰਣਾਲੀ ਦੀ ਮਜ਼ਬੂਤੀ ਅਤੇ ਰਾਸ਼ਟਰੀ ਵਿਕਾਸ ਨਾਲ ਜੁੜੀ ਹੋਈ ਏ। ਉਨ੍ਹਾਂ ਨਰਸਾਂ ਦੀ ਹਮਦਰਦੀ, ਤਾਕਤ ਅਤੇ ਵਚਨਬੱਧਤਾ ਦੀ ਵੀ ਸ਼ਲਾਘਾ ਕੀਤੀ।ਓਧਰ ਵਿਸ਼ਵ ਸਿਹਤ ਸੰਗਠਨ (WHO) ਨੇ ਵੀ ਇਸ ਖਾਸ ਦਿਨ ਮੌਕੇ ਨਰਸਾਂ ਨੂੰ*

*ਸ਼ੁਭਕਾਮਨਾਵਾਂ ਦਿੱਤੀਆਂ ਨੇ ਅਤੇ ਕਿਹਾ ਏ ਕਿ ਨਰਸਾਂ, ਦੁਨੀਆ ਭਰ ਦੀਆਂ ਸਿਹਤ ਸੰਭਾਲ ਪ੍ਰਣਾਲੀਆਂ ਦਾ ਦਿਲ ਨੇ। ਜਲੰਧਰ ਤੋਂ ਆਕਾਸ਼ਵਾਣੀ ਖਬਰਾਂ ਲਈ ਮੈਂ ਕਾਜਲ*

-------------------------------------------------------------

ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਜਲੰਧਰ ਸਥਿਤ ਸਪੋਰਟਸ ਅਤੇ ਸਰਜੀਕਲ ਕੰਪਲੈਕਸ ਵਿਖੇ ਕਰੀਬ ਇਕ ਕਰੋੜ 29 ਲੱਖ ਰੁਪਏ ਦੀ ਲਾਗਤ ਵਾਲੇ ਫਾਇਰ ਸਟੇਸ਼ਨ ਦਾ ਉਦਘਾਟਨ ਕੀਤਾ । ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਫਾਇਰ ਸਟੇਸ਼ਨ ਵਿੱਚ ਅੱਗ ’ਤੇ ਕਾਬੂ ਪਾਉਣ ਲਈ ਕੁੱਲ 4 ਵਾਹਨ ਤਾਇਨਾਤ ਕੀਤੇ ਗਏ ਨੇ । ਉਨ੍ਹਾਂ ਦੱਸਿਆ ਕਿ ਇਥੇ ਸਟੇਸ਼ਨ ਦੀ ਇਮਾਰਤ ਤੋਂ ਇਲਾਵਾ ਇਕ ਲੱਖ ਲੀਟਰ ਦੀ ਸਮਰੱਥਾ ਵਾਲਾ ਜ਼ਮੀਨਦੋਜ਼ ਜਲ ਭੰਡਾਰ ਟੈਂਕ ਬਣਾਇਆ ਗਿਆ ਏ , ਜਿਸ ਦੇ ਲਈ 20 ਹਾਰਸ ਪਾਵਰ ਦੀ ਮੋਟਰ ਲਗਾਈ ਗਈ ਏ ।

-------------------------------------------------------------

ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਤੁਰਕੀ ਸਥਿਤ ਤਸਕਰ ਨਵਪ੍ਰੀਤ ਸਿੰਘ ਉਰਫ਼ ਨਵ ਭੁੱਲਰ ਨਾਲ ਜੁੜੇ ਇੱਕ ਡਰੱਗ ਕਾਰਟੈਲ ਦਾ ਪਰਦਾਫਾਸ਼ ਕੀਤਾ ਏ ਅਤੇ ਉਸਦੇ 3 ਕਾਰਕੁਨਾਂ ਨੂੰ ਇਕ ਕਿਲੋ ਹੈਰੋਇਨ, ਇਕ ਕਰੋੜ ਰੁਪਏ ਤੋਂ ਵੱਧ ਹਵਾਲਾ ਮਨੀ ਸਮੇਤ ਨਕਦੀ ਗਿਣਨ ਵਾਲੀ ਮਸ਼ੀਨ ਸਮੇਤ ਗ੍ਰਿਫ਼ਤਾਰ ਕੀਤਾ ਏ। ਓਧਰ, ਫਾਜ਼ਿਲਕਾ ਪੁਲਿਸ ਨੇ 3

ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਏ  ਅਤੇ 60 ਹਜ਼ਾਰ ਪਾਬੰਦੀਸ਼ੁਦਾ ਟ੍ਰਾਮਾਡੋਲ ਗੋਲੀਆਂ ਬਰਾਮਦ ਕੀਤੀਆਂ ਨੇ ਜੋ ਕਿ ਨਸ਼ੀਲਾ ਪਦਾਰਥ ਏ । ਦੋਵਾਂ ਮਾਮਲਿਆਂ ਵਿੱਚ ਹੋਰ ਜਾਂਚ ਜਾਰੀ ਏ ।

-------------------------------------------------------------------

ਉੱਘੇ ਕ੍ਰਿਕਟ ਖਿਡਾਰੀ ਵਿਰਾਟ ਕੋਹਲੀ ਨੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਏ । ਵਿਰਾਟ ਕੋਹਲੀ ਨੇ 14 ਸਾਲਾਂ ਦੇ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦੀ ਖ਼ਬਰ, ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ। ਵਿਰਾਟ ਕੋਹਲੀ ਦੇ ਇਸ ਐਲਾਨ ਦੇ ਨਾਲ, ਭਾਰਤੀ ਟੈਸਟ ਕ੍ਰਿਕਟ ਵਿੱਚ ਇੱਕ ਯੁੱਗ ਦਾ ਅੰਤ ਹੋ ਗਿਆ ਏ । ਵਿਰਾਟ ਕੋਹਲੀ ਨੇ 46.85 ਫੀਸਦੀ  ਦੀ ਔਸਤ ਨਾਲ, 123 ਟੈਸਟ ਮੈਚਾਂ ਵਿੱਚ  9 ਹਜ਼ਾਰ 230 ਦੌੜਾਂ ਬਣਾਈਆਂ। ਵਿਰਾਟ ਕੋਹਲੀ ਸਚਿਨ ਤੇਂਦੁਲਕਰ, ਰਾਹੁਲ ਦ੍ਰਾਵਿੜ ਅਤੇ ਸੁਨੀਲ ਗਾਵਸਕਰ ਤੋਂ ਬਾਅਦ ਭਾਰਤ ਲਈ, ਚੌਥੇ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਬੱਲੇਬਾਜ਼ ਨੇ । ਵਿਰਾਟ ਕੋਹਲੀ ਨੇ ਰਿਕਾਰਡ 68 ਟੈਸਟ ਮੈਚਾਂ ਵਿੱਚ ਭਾਰਤ ਦੀ ਕਪਤਾਨੀ ਕੀਤੀ। 2024 ਵਿੱਚ ਟਵੈਂਟੀ-ਟਵੈਂਟੀ  ਵਿਸ਼ਵ ਕੱਪ ਵਿੱਚ ਭਾਰਤ ਦੀ ਜਿੱਤ ਤੋਂ ਬਾਅਦ, ਵਿਰਾਟ ਕੋਹਲੀ ਪਹਿਲਾਂ ਹੀ T-20 ਫਾਰਮੈਟ ਤੋਂ ਸੰਨਿਆਸ ਲੈ ਚੁੱਕੇ ਨੇ । ਵਿਰਾਟ ਨੇ ਇਹ ਫੈਸਲਾ ਰੋਹਿਤ ਸ਼ਰਮਾ ਦੇ ਟੈਸਟ ਕ੍ਰਿਕਟ ਤੋਂ

ਸੰਨਿਆਸ ਲੈਣ ਦੇ ਐਲਾਨ ਤੋਂ ਕੁਝ ਦਿਨ ਬਾਅਦ ਲਿਆ ਏ ।

---

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਰਾਤ 8 ਵਜੇ ਰਾਸ਼ਟਰ ਨੂੰ ਸੰਬੋਧਨ ਕਰਨਗੇ।
- ਡਾਇਰੈਕਟਰ ਜਨਰਲ ਏਅਰ ਆਪਰੇਸ਼ਨਜ਼, ਏਅਰ ਮਾਰਸ਼ਲ ਏ. ਕੇ. ਭਾਰਤੀ ਨੇ ਕਿਹਾ -ਭਾਰਤ ਦੀ ਲੜਾਈ ਦਹਿਸ਼ਤਗਰਦਾਂ ਅਤੇ ਉਨ੍ਹਾਂ ਦੇ ਸਮਰਥਨ ਵਾਲੇ ਬੁਨਿਆਦੀ ਢਾਂਚੇ ਨਾਲ ਏ, ਨਾ ਕਿ ਪਾਕਿਸਤਾਨੀ ਫੌਜ ਨਾਲ।
- ਭਾਰਤ ਅਤੇ ਪਾਕਿਸਤਾਨ ਵਿਚਕਾਰ ਟਕਰਾਅ ਤੋਂ ਬਾਅਦ, ਅਸਥਾਈ ਤੌਰ 'ਤੇ ਬੰਦ ਕੀਤੇ ਗਏ 32 ਹਵਾਈ ਅੱਡੇ ਹੁਣ ਤੁਰੰਤ ਪ੍ਰਭਾਵ ਨਾਲ ਖੋਲ੍ਹੇ ਗਏ।
- ਕੈਬਨਿਟ ਮੰਤਰੀ ਮੋਹਿੰਦਰ ਭਗਤ ਵੱਲੋਂ ਜਲੰਧਰ ਵਿਚ ਇਕ ਕਰੋੜ 29 ਲੱਖ ਰੁਪਏ ਦੀ ਲਾਗਤ ਵਾਲੇ ਫਾਇਰ ਸਟੇਸ਼ਨ ਦਾ ਉਦਘਾਟਨ।
- ਪੰਜਾਬ ਪੁਲਿਸ ਨੇ ਕੌਮਾਂਤਰੀ ਨਸ਼ਾ ਅਤੇ ਹਵਾਲਾ ਕਾਰਟੈਲ ਦਾ ਪਰਦਾਫਾਸ਼ ਕਰਦਿਆਂ, ਤਿੰਨ ਤਸਕਰਾਂ ਨੂੰ 84 ਲੱਖ ਰੁਪਏ ਤੋਂ ਵੱਧ ਦੀ ਡਰੱਗ ਮਨੀ ਸਮੇਤ ਗ੍ਰਿਫਤਾਰ ਕੀਤਾ ਏ।

- ਉੱਘੇ ਕ੍ਰਿਕਟ ਖਿਡਾਰੀ ਵਿਰਾਟ ਕੋਹਲੀ ਵਲੋਂ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ।